# ਪੇਂਡੂ ਰੰਗਮੰਚ ਦੀ ਪੰਜਾਬੀ ਨਾਟਕ ਨੂੰ ਦੇਣ

## ਕਲਾ ਤੇ ਜ਼ਿੰਦਗੀ



ਗੁਰਸ਼ਰਨ ਸਿੰਘ

ਪੰਜਾਬੀ ਨਾਟਕ ਨੂੰ ਸਰਗਰਮ ਰੱਖਣ ਲਈ ਪੇਂਡੂ ਨਾਟਕ ਲਹਿਰ ਦੀ ਅੱਜ ਦੀ ਹਾਲਤ ਵਿਚ ਬੜੀ ਖ਼ਾਸ ਦੇਣ ਹੈ। ਸਮੁੱਚੀ ਨਾਟਕ ਲਹਿਰ ਵਿਚ ਇਕ ਖੜੋਤ ਦਾ ਅਹਿਸਾਸ ਹੋ ਰਿਹਾ ਹੈ, ਕਿਉਂਕਿ ਸਰਕਾਰੀ ਅਤੇ ਨੀਮ ਸਰਕਾਰੀ ਸੰਸਥਾਵਾਂ ਜਿਨ੍ਹਾਂ ਵਿਚ ਨਾਰਥ ਜ਼ੋਨ ਕਲਚਰਲ ਸੈਂਟਰ ਪਟਿਆਲਾ, ਸਭਿਆਚਾਰਕ ਮਾਮਲੇ ਵਿਭਾਗ ਪੰਜਾਬ, ਭਾਸ਼ਾ ਵਿਭਾਗ ਜਾਂ ਪੰਜਾਬ ਸੰਗੀਤ ਨਾਟਕ ਅਕੈਡਮੀ ਆਦਿਕ ਸ਼ਾਮਲ ਹਨ, ਕੋਈ ਨਾ ਕੋਈ ਸਮਾਗਮ ਕਰਵਾਉਣ ਦਾ ਉਪਰਾਲਾ ਕਰਦੀਆਂ ਸਨ। ਉਹ ਹੁਣ ਵਿੱਤੀ ਸੰਕਟ ਕਰ ਕੇ ਕੋਈ ਵੀ ਸਰਗਰਮੀ ਕਰਵਾਉਣ ਦੇ ਯੋਗ ਨਹੀਂ। ਇਸੇ ਕਰ ਕੇ ਉਹ ਨਾਟਕ ਸਰਗਰਮੀਆਂ ਜੋ ਸਿਰਫ ਉਨ੍ਹਾਂ ਉਤੇ 'ਤੇ ਹੀ ਨਿਰਭਰ ਸਨ, ਉਹ ਬੰਦ ਹੋ ਗਈਆਂ ਹਨ। ਨਾਟਕ ਦੀ ਗੱਲ ਤੁਰਦੀ ਰੱਖਣ ਲਈ ਹੁਣ ਵੱਡੀ ਜ਼ਿੰਮੇਵਾਰੀ ਪੇਂਡੂ ਰੰਗਮੰਚ ਉਤੇ ਹੈ, ਜਿਸ ਨੇ ਆਪਣੇ ਸਾਧਨ ਜੁਟਾ ਕੇ ਪਿੰਡਾਂ ਵਿਚ ਨਾਟਕ ਕਰਵਾਉਣਾ ਹੈ। ਇਹ ਨਾਟਕ ਪ੍ਰੋਗਰਾਮ ਮੁੱਖ ਤੌਰ 'ਤੇ ਅਵਾਮੀ ਜਥੇਬੰਦੀਆਂ ਦੀ ਮਦਦ ਨਾਲ ਹੁੰਦੇ ਹਨ। ਇਨ੍ਹਾਂ ਵਿਚ ਤਰਕਸ਼ੀਲ ਸੁਸਾਇਟੀਆਂ, ਕਿਸਾਨ ਸਭਾਵਾਂ, ਖੇਤ ਮਜ਼ਦੂਰ ਯੂਨੀਅਨਾਂ, ਨੌਜਵਾਨ ਸਭਾਵਾਂ, ਸ਼ਹੀਦ ਊਧਮ ਸਿੰਘ, ਕਰਤਾਰ ਸਿੰਘ ਸਰਾਭਾ ਅਤੇ ਭਗਤ ਸਿੰਘ ਦੇ ਨਾਂ ਨਾਲ ਜੁੜਦੀਆਂ ਸਭਿਆਚਾਰਕ ਸੰਸਥਾਵਾਂ, ਸ਼ਹੀਦਾਂ ਦੀ ਯਾਦ ਵਿਚ ਬਣੀਆਂ ਸ਼ਹੀਦ ਯਾਦਗਾਰੀ ਸੰਸਥਾਵਾਂ, ਵਿਦਿਆਰਥੀ ਯੂਨੀਅਨਾਂ, ਇਸਤਰੀ ਸਭਾਵਾਂ ਆਦਿਕ ਸ਼ਾਮਲ ਹਨ।

ਇਨ੍ਹਾਂ ਅਵਾਮੀ ਜਥੇਬੰਦੀਆਂ ਦੇ ਸਮਾਗਮਾਂ ਵਿਚ ਜਿਥੇ ਜਥੇਬੰਦੀਆਂ ਦੇ ਬੁਲਾਰੇ ਆਪਣੀ ਗੱਲ ਕਹਿੰਦੇ ਹਨ, ਉਥੇ ਲੋਕਾਂ ਦੀਆਂ ਦੁੱਖ ਤਕਲੀਫਾਂ ਨਾਲ ਜੁੜਦੇ ਨਾਟਕ, ਰਾਜਸੀ ਵਿਅੰਗ ਅਤੇ ਹੋਰ ਸਮਾਜਿਕ ਮਸਲਿਆਂ ਨਾਲ ਜੁੜਦੇ ਨਾਟਕ ਹੁੰਦੇ ਹਨ। ਇਨ੍ਹਾਂ ਨਾਟਕਾਂ ਦੀ ਆਪਣੀ ਸ਼ੈਲੀ ਹੈ। ਆਪਣਾ ਮੁਹਾਵਰਾ ਹੈ। ਬੜਾ ਚਿਰ ਇਨ੍ਹਾਂ ਸਮਾਗਮਾਂ 'ਤੇ ਜਾਂ ਸਿਆਸੀ ਪਾਰਟੀਆਂ ਦੀਆਂ ਕਾਨਫਰੰਸਾਂ 'ਤੇ ਹੋਏ ਨਾਟਕਾਂ ਨੂੰ 'ਨਾਅਰੇਬਾਜ਼ੀ' ਆਖ ਕੇ ਨਜ਼ਰਅੰਦਾਜ਼ ਕੀਤਾ ਗਿਆ ਹੈ। ਇੱਕਾ ਦੁੱਕਾ ਆਲੋਚਕ ਜਾਂ ਖੋਜ ਵਿਦਿਆਰਥੀ ਨੂੰ ਛੱਡ ਕੇ ਕਿਸੇ ਨੇ ਇਕ ਯੋਜਨਾ ਬਣਾ ਕੇ ਇਸ ਲਹਿਰ ਬਾਰੇ ਖੋਜ ਨਹੀਂ ਕੀਤੀ। ਇਨ੍ਹਾਂ ਦਿਨਾਂ ਵਿਚ ਵੈਨਕੂਵਰ ਕੈਨੇਡਾ ਤੋਂ ਉਹ ਵੈਨਕੂਵਰ ਯੂਨੀਵਰਸਿਟੀ ਦੇ ਇਕ ਪ੍ਰਾਜੈਕਟ 'ਪੰਜਾਬ ਦਾ ਲੋਕ ਪੱਖੀ ਨਾਟਕ' ਉਤੇ ਕੰਮ ਕਰ ਰਹੇ ਹਨ। ਉਨ੍ਹਾਂ ਨੇ ਖੋਜ ਕਰਕੇ ਲੋਕ ਪੱਖੀ ਨਾਟਕਾਂ ਦੀ ਸ਼ੈਲੀ, ਉਹਦਾ ਸਮਾਜਿਕ ਪਿਛੋਕੜ ਤੇ ਲੋਕਾਂ ਨਾਲ ਸਬੰਧਤ ਵਿਸ਼ਿਆਂ ਉਤੇ ਕੁਝ ਲਿਖਣ ਦਾ ਇਰਾਦਾ ਬਣਾਇਆ ਹੈ। ਉਹ ਜਿਸ ਮਿਹਨਤ ਨਾਲ ਕੰਮ ਕਰ ਰਹੇ ਹਨ, ਜ਼ਰੂਰ ਪੰਜਾਬ ਦੀ ਇਸ ਨਾਟਕ ਲਹਿਰ ਬਾਰੇ ਕੁਝ ਸਾਰਥਿਕ ਨਤੀਜੇ ਕੱਢ ਸਕਣਗੇ। ਮੇਰਾ ਇਕ ਨਿਮਾਣਾ ਜਿਹਾ ਦਾਅਵਾ ਹੈ ਕਿ ਮੈਂ ਇਸ ਖੇਤਰ ਵਿਚ ਸਰਗਰਮੀ ਨਾਲ ਕੰਮ ਕਰ ਰਿਹਾ ਹਾਂ। ਮੈਂ ਪੰਜਾਬ ਲੋਕ ਸਭਿਆਚਾਰਕ ਮੰਚ (ਪਲਸ ਮੰਚ) ਦਾ ਪ੍ਰਧਾਨ ਵੀ ਹਾਂ। ਮੇਰੀ ਆਪਣੀ ਟੀਮ, ਪਲਸ ਮੰਚ ਦੀਆਂ ਪੰਜ ਹੋਰ ਟੀਮਾਂ ਅਤੇ ਕੁਝ ਹੋਰ ਪੇਂਡੂ ਨਾਟਕ ਟੀਮਾਂ ਸਰਗਰਮ ਹਨ। ਮੈਂ ਆਪਣੀ ਟੀਮ ਨਾਲ ਔਸਤਨ ਇਕ ਸਾਲ ਵਿਚ 250 ਪਿੰਡਾਂ ਵਿਚ ਜ਼ਰੂਰ ਜਾਂਦਾ ਹਾਂ। ਮੈਂ ਆਪਣੀ 10 ਮਾਰਚ ਤੋਂ ਲੈ ਕੇ 13 ਮਾਰਚ ਦੀ ਡਾਇਰੀ ਇਥੇ ਪਾਠਕਾਂ ਨਾਲ ਰਿਕਾਰਡ ਵਾਸਤੇ ਸਾਂਝੀ ਕਰ ਰਿਹਾ ਹਾਂ, ਤਾਂ ਜੋ ਇਸ ਗੱਲ ਦਾ ਅਨੁਮਾਨ ਲਗ ਸਕੇ ਕਿ ਪੰਜਾਬੀ ਨਾਟਕ ਵਿਚ ਪੇਂਡੂ ਰੰਗਮੰਚ ਦੀ ਕੀ ਦੇਣ ਹੈ?

10 ਮਾਰਚ 2000, ਢਾਈ ਵਜੇ ਦੁਪਹਿਰ ਅਸੀਂ ਚੰਡੀਗੜ੍ਹ ਤੋਂ ਤਲਵੰਡੀ ਸਾਬੋ ਲਈ ਚੱਲੇ ਹਾਂ। ਤਲਵੰਡੀ ਸਾਬੋ ਦੇ ਖਾਲਸਾ ਸਕੂਲ ਦੇ ਖੁੱਲ੍ਹੇ ਮੈਦਾਨ ਵਿਚ ਤਰਕਸ਼ੀਲ ਮੇਲਾ ਅਤੇ ਨਾਟਕ ਮੇਲਾ ਸ਼ੁਰੂ ਹੈ। ਪ੍ਰੋਗਰਾਮ ਰਾਤ 8 ਵਜੇ ਵਜੇ ਸ਼ੁਰੂ ਹੋਇਆ ਹੈ ਅਤੇ ਢਾਈ ਵਜੇ ਤਕ ਜਾਰੀ ਰਿਹਾ ਹੈ। 5 ਹਜ਼ਾਰ ਤੋਂ ਵੱਧ ਲੋਕਾਂ ਦੀ ਹਾਜ਼ਰੀ ਹੈ। ਔਰਤਾਂ ਦੀ ਗਿਣਤੀ ਪੱਧਰੀ ਜ਼ਰੂਰ ਹੈ। ਜਗਸੀਰ ਜੀਦਾ ਨੇ ਆਪਣੀ ਸੰਗੀਤ ਮੰਡਲੀ ਵਲੋਂ ਵਿਅੰਗ ਅਤੇ ਪ੍ਰਸਿਧ ਗੀਤ 'ਦੁੱਲਾ ਜੱਟ ਪੰਜਾਬ ਦਾ ਪੈ ਗਿਆ ਖੁਦਕੁਸ਼ੀਆਂ ਦੇ ਰਾਹ' ਪੇਸ਼ ਕੀਤਾ। ਅੱਜ ਦੇ ਪੰਜਾਬ ਦੇ ਕਿਸਾਨਾਂ ਦੀ ਮੰਦੀ ਹਾਲਤ ਬਾਰੇ ਇਸ ਗੀਤ ਵਿਚ ਜ਼ਿਕਰ ਕੀਤਾ ਗਿਆ ਹੈ। ਤਰਕਸ਼ੀਲ ਟ੍ਰਿਕਾਂ ਵਿਖਾਈਆਂ ਗਈਆਂ ਅਤੇ ਤਰਕਸ਼ੀਲ ਸੁਸਾਇਟੀ ਦੇ ਬਠਿੰਡਾ ਜ਼ੋਨ ਦੇ ਤਰਕਸ਼ੀਲ ਸੋਚ ਅਪਣਾਉਣ ਬਾਰੇ ਵਿਸਥਾਰ ਨਾਲ ਗੱਲ ਕੀਤੀ। ਦੋ ਨਾਟਕ 'ਰਾਜ ਮਹਾਰਾਜਾ ਰਣਜੀਤ ਸਿੰਘ ਦਾ, ਉਰਫ ਇਨਾਮ' ਅਤੇ 'ਖੰਭਾਂ ਵਾਲੀ ਕੁੜੀ' ਸਾਡੀ ਚੰਡੀਗੜ੍ਹ ਦੀ ਟੀਮ ਵਲੋਂ ਪੇਸ਼ ਕੀਤੇ ਗਏ। 11 ਵਜੇ ਤੋਂ ਵੱਧ ਸਮਾਂ ਹੋ ਰਿਹਾ ਸੀ ਪਰ ਹਜ਼ਾਰਾਂ ਦੀ ਗਿਣਤੀ ਵਿਚ ਲੋਕ ਜੁੜ ਕੇ ਬੈਠੇ ਸਨ। ਪਹਿਲਾ ਨਾਟਕ ਹੁਣ ਵਾਲੀ ਪੰਜਾਬ ਸਰਕਾਰ 'ਤੇ ਇਕ ਵਿਅੰਗ ਸੀ, ਜਦੋਂ ਕਿ ਖੰਭਾਂ ਵਾਲੀ ਕੁੜੀ ਇਕ ਐਸੀ ਕੁੜੀ ਦੀ ਕਹਾਣੀ ਸੀ, ਜੋ ਰੂੜੀਵਾਦੀ ਕਦਰਾਂ-ਕੀਮਤਾਂ ਦੇ ਵਿਰੁਧ ਬਗਾਵਤ ਕਰਦੀ ਹੈ। ਰਾਤ ਤਲਵੰਡੀ ਸਾਬੋ ਦੇ ਗੁਰਦੁਆਰਾ ਸਾਹਿਬ ਦੇ ਖਾਲਸਾ ਨਿਵਾਸ ਵਿਚ ਰਹੇ।

11 ਮਾਰਚ ਸਵੇਰੇ ਤਲਵੰਡੀ ਸਾਬੋ ਤੋਂ ਚਲ ਕੇ ਜਗਰਾਉਂ ਦੇ ਕੋਲ ਪਿੰਡ ਤਲਵੰਡੀ ਮਲੀਆਂ ਪੁੱਜੇ, ਜਿਥੇ ਪਿੰਡ ਦੇ ਨੌਜਵਾਨਾਂ ਨੇ ਸ਼ਹੀਦ ਭਗਤ ਸਿੰਘ ਦੀ ਯਾਦ ਵਿਚ ਸਭਿਆਚਾਰਕ ਮੇਲੇ ਦਾ ਪ੍ਰਬੰਧ ਕੀਤਾ ਸੀ। ਸਮਾਂ 11 ਵਜੇ ਤੋਂ ਸ਼ਾਮ 5 ਵਜੇ। ਨਾਟਕ 'ਰਾਜ ਮਹਾਰਾਜਾ ਰਣਜੀਤ ਸਿੰਘ ਦਾ' ਅਤੇ 'ਬੇਗਮੋ ਦੀ ਧੀ' ਕੀਤਾ। ਸਥਾਨਕ ਟੀਮ ਵਲੋਂ ਕੋਰਿਓਗਰਾਫੀ 'ਇਹ ਪੰਜਾਬ ਵੀ ਮੇਰਾ ਹੈ, ਉਹ ਪੰਜਾਬ ਵੀ ਮੇਰਾ ਹੈ' ਕੀਤਾ ਗਿਆ। ਅਮੋਲਕ ਸਿੰਘ ਅਤੇ ਕੰਵਲਜੀਤ ਖੰਨਾ ਨੇ ਲੋਕ ਸੰਘਰਸ਼ਾਂ ਦੀ ਮਹੱਤਤਾ ਦੀ ਗੱਲ ਕੀਤੀ ਅਤੇ ਡੀ.ਐਸ.ਪੀ. ਜਗਰਾਓਂ, ਅਸ਼ੋਕ ਪੁਰੀ ਦੀਆਂ ਕਾਲੀਆਂ ਕਰਤੂਤਾਂ ਨੂੰ ਨੰਗਿਆਂ ਕੀਤਾ। ਇਹ ਸਮਾਗਮ ਲੋਕਾਂ ਦੀ ਜਾਗ੍ਰਿਤੀ ਨੂੰ ਸਮਰਪਿਤ ਸੀ। ਹਾਜ਼ਰੀ 5 ਹਜ਼ਾਰ ਤੋਂ ਵੱਧ ਸੀ। 11 ਮਾਰਚ ਰਾਤ ਲੁਧਿਆਣਾ ਜ਼ਿਲੇ ਦੇ ਪਿੰਡ ਚੱਕਰ ਵਿਚ ਕਿਰਤੀ ਕਿਸਾਨ ਸਭਾ ਵਲੋਂ ਇਕ ਪ੍ਰਭਾਵਸ਼ਾਲੀ ਪ੍ਰੋਗਰਾਮ ਕਰਵਾਇਆ ਗਿਆ। ਪਿੰਡ ਦੀਆਂ ਪੈੜਾਂ ਵਿਚ ਮਿੱਟੀ ਪਾ ਕੇ ਪਿੰਡ ਦੇ ਲੋਕਾਂ ਨੇ ਉਥੇ ਇਕ ਬੜਾ ਹੀ ਵਧੀਆ ਸਟੇਜ ਬਣਾਇਆ ਹੈ। ਤਿੰਨ ਹਜ਼ਾਰ ਲੋਕਾਂ ਦੀ ਬੈਠਕ ਵਾਲੀ ਥਾਂ 'ਤੇ ਤਿਲ ਸੁੱਟਣ ਲਈ ਥਾਂ ਨਹੀਂ ਸੀ। ਇਥੇ ਨਾਟਕ 'ਖੁਦਕੁਸ਼ੀ ਨਹੀਂ ਸੰਘਰਸ਼ ਸਾਡਾ ਰਾਹ ਹੈ' ਪ੍ਰਮੁੱਖ ਨਾਟਕ ਸੀ। ਕਿਸਾਨਾਂ ਦੇ ਕਰਜ਼ਾ ਮੁਕਤੀ

12 ਮਾਰਚ ਦੁਪਹਿਰ ਜ਼ਿਲਾ ਅੰਮ੍ਰਿਤਸਰ ਵਿਚ ਕਥੂਨੰਗਲ ਸਮਾਗਮ ਵਿਚ ਪੁੱਜੇ। ਇਹ ਉਸ ਇਲਾਕੇ ਦੇ ਲਾਸਾਨੀ ਯੋਧੇ ਸੁਤੰਤਰਤਾ ਸੰਗਰਾਮੀ ਕਾਮਰੇਡ ਹਰੀ ਸਿੰਘ ਦੀ ਯਾਦ ਵਿਚ ਸੀ। ਰਾਜਸੀ ਵਿਅੰਗ ਨਾਟਕਾਂ ਵਿਚ ਨਾਟਕ ਨਿੱਕਰ, ਨਿੱਕਰ, ਨਿੱਕਰ ਸ਼ਾਮਲ ਸੀ। ਦਰਸ਼ਕਾਂ ਵਿਚ ਅੰਮ੍ਰਿਤਸਰ ਜ਼ਿਲਾ ਦੇ ਸਾਬਕਾ ਡਿਪਟੀ ਕਮਿਸ਼ਨਰ ਸ੍ਰੀ ਸਰਬਜੀਤ ਸਿੰਘ ਜੋ ਇਸੇ ਇਲਾਕੇ ਦੇ ਹਨ ਸ਼ਾਮਲ ਸਨ।

12 ਮਾਰਚ ਰਾਤ ਫਗਵਾੜਾ ਦੇ ਨੇੜੇ ਨਰੂੜ ਵਿਚ ਸਮਾਗਮ ਖੁਸ਼ ਹਸ਼ਿਐਤੀ ਮੋਰਚੇ ਦੇ ਸ਼ਹੀਦਾਂ ਦੀ ਯਾਦ ਵਿਚ ਸੀ। 'ਖੁਦਕੁਸ਼ੀ ਨਹੀਂ' ਅਤੇ 'ਖੰਭਾਂ ਵਾਲੀ ਕੁੜੀ' ਨਾਟਕ ਕੀਤੇ।

13 ਮਾਰਚ ਦਿਨੇ ਗ਼ਦਰੀ ਬਾਬਾ ਗੁਰਮੁੱਖ ਸਿੰਘ ਲਲਤੋਂ ਦੀ ਯਾਦ ਵਿਚ ਲਲਤੋਂ ਕਲਾਂ 'ਚ ਸਮਾਗਮ ਹੋਇਆ। 'ਰਾਜ ਮਹਾਰਾਜ ਰਣਜੀਤ ਸਿੰਘ ਦਾ' ਤੇ 'ਨਿੱਕਰ ਵਾਲੇ' ਵਿਅੰਗ ਨਾਟਕ ਕੀਤੇ।

13 ਮਾਰਚ ਰਾਤੀਂ ਕਪੂਰਥਲੇ ਦੇ ਨੇੜੇ ਪਿੰਡ ਖੀਰਾਂਵਾਲੀ ਵਿਚ ਨਾਟਕ ਕਿਸਾਨਾਂ ਦੇ ਸੰਘਰਸ਼ ਨੂੰ ਸਮਰਪਿਤ ਕੀਤੇ। ਰਾਤੀਂ ਉਥੋਂ ਚਲ ਕੇ 14 ਮਾਰਚ ਸਵੇਰੇ 4 ਵਜੇ ਚੰਡੀਗੜ੍ਹ ਵਾਪਸ ਪੁੱਜੇ।

ਇਸ ਤਰ੍ਹਾਂ 10-13 ਮਾਰਚ ਸੱਤ ਪਿੰਡਾਂ ਵਿਚ ਨਾਟਕ ਖੇਡੇ। ਕੁੱਲ ਮਿਲਾ ਕੇ 20 ਹਜ਼ਾਰ ਦਰਸ਼ਕਾਂ ਨੇ ਨਾਟਕ ਵੇਖੇ। ਸਾਡੀ ਟੀਮ ਮੇਰੇ ਸਮੇਤ 5 ਕਲਾਕਾਰਾਂ ਦੀ ਹੈ। ਖਰਚ ਪ੍ਰਤੀ ਪੇਸ਼ਕਾਰੀ 2000 ਦਾ ਹੁੰਦਾ ਹੈ, ਜਿਸ ਵਿਚ ਕਲਾਕਾਰਾਂ ਦਾ ਖਰਚ ਅਤੇ ਕਾਰ ਦਾ ਖਰਚ ਸ਼ਾਮਲ ਹੁੰਦਾ ਹੈ। ਇਹ ਅਵਾਮੀ ਜਥੇਬੰਦੀਆਂ ਆਪਣੇ ਲੋਕਾਂ ਕੋਲੋਂ ਜਮ੍ਹਾਂ ਕੀਤੇ ਫੰਡ ਵਿਚੋਂ ਦਿੰਦੀਆਂ ਹਨ।

ਮੈਂ ਆਪਣੀ ਇਹ ਡਾਇਰੀ ਇਕ ਮਿਸਾਲ ਵਜੋਂ ਦਿੱਤੀ ਹੈ। ਹੁਣ ਬਹੁਤ ਸਾਰੀਆਂ ਹੋਰ ਟੀਮਾਂ ਪੇਂਡੂ ਨਾਟਕ ਖੇਤਰ ਵਿਚ ਕੰਮ ਕਰ ਰਹੀਆਂ ਹਨ। ਇਸ ਵਿਚ ਕੰਮ ਪਲਸ ਮੰਚ ਦੀਆਂ 5 ਟੀਮਾਂ ਮੁੱਲਾਂਪੁਰ, ਸਮਰਾਲਾ, ਫਗਵਾੜਾ, ਬਿਆਸ ਅਤੇ ਭਦੌੜ ਸ਼ਾਮਲ ਹਨ।

ਅੰਮ੍ਰਿਤਸਰ, ਪਟਿਆਲਾ, ਚੰਡੀਗੜ੍ਹ, ਮੁਹਾਲੀ, ਮਾਨਸਾ, ਜਲੰਧਰ, ਬਠਿੰਡਾ ਵਿਚ ਨਾਟਕ ਗਰੁੱਪ ਆਪਣੀ ਸਮਰਥਾ ਅਨੁਸਾਰ ਕੰਮ ਕਰ ਰਹੇ ਹਨ ਪਰ ਹੁਣ ਇਹ ਅਟੱਲ ਸੱਚਾਈ ਹੈ ਕਿ ਪੇਂਡੂ ਰੰਗਮੰਚ ਹੀ ਪੰਜਾਬੀ ਨਾਟਕ ਨੂੰ ਲੋਕਾਂ ਵਿਚ ਜਿਉਂਦਾ ਰੱਖਣ ਦਾ ਜ਼ਾਮਨੀ ਹੈ। ਇਹਦਾ ਖੋਜ ਵਿਧੀਆਂ ਦੇ ਅਨੁਸਾਰ ਮੁਲਅੰਕਣ ਸਮੇਂ ਦੀ ਲੋੜ ਹੈ। ਇਹ ਮੁਲਅੰਕਣ ਦਿਸ਼ਾ ਵੀ ਪ੍ਰਦਾਨ